# PM interacts with SAARC leaders to combat COVID-19 in the region

March 15, 2020

…………………………………………………………………………………………………।

## ਪ੍ਰਧਾਨ ਮੰਤਰੀ ਨੇ ਖੇਤਰ ਵਿੱਚ ਕੋਵਿਡ -19 ਦਾ ਮੁਕਾਬਲਾ ਕਰਨ ਲਈ ਸਾਰਕ ਆਗੂਆਂ ਨਾਲ ਗੱਲਬਾਤ ਕੀਤੀ

15 ਮਾਰਚ, 2020

ਪ੍ਰਧਾਨ ਮੰਤਰੀ ਨੇ ਦਿੱਤੀ ਸਾਰਕ ਦੇਸ਼ਾਂ ਲਈ ਕੋਵਿਡ -19 ਐਮਰਜੈਂਸੀ ਫੰਡ ਸਥਾਪਤ ਕਰਨ ਦੀ ਤਜਵੀਜ਼

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸਾਰਕ ਦੇਸ਼ਾਂ ਦੇ ਆਗੂਆਂ ਨਾਲ ਵੀਡੀਓ ਕਾਨਫਰੰਸ ਰਾਹੀਂ ਇਸ ਖੇਤਰ 'ਚ ਕੋਵਿਡ -19 ਦਾ ਮੁਕਾਬਲਾ ਕਰਨ ਲਈ ਸਾਂਝੀ ਰਣਨੀਤੀ ਤਿਆਰ ਕਰਨ ਬਾਰੇ ਗੱਲਬਾਤ ਕੀਤੀ।

**ਸਾਂਝਾ ਇਤਿਹਾਸ - ਸਾਂਝਾ ਭਵਿੱਖ**

ਪ੍ਰਧਾਨ ਮੰਤਰੀ ਨੇ ਇੰਨੇ ਘੱਟ ਸਮੇਂ ਦੇ ਨੋਟਿਸ 'ਤੇ ਸੰਮੇਲਨ ਵਿੱਚ ਭਾਗ ਲੈਣ ਲਈ ਨੇਤਾਵਾਂ ਦਾ ਧੰਨਵਾਦ ਕੀਤਾ। ਸਾਰਕ ਦੇਸ਼ਾਂ ਦੇ ਸਮਾਜਾਂ ਦੇ ਲੋਕਾਂ ਦੇ ਪੁਰਾਤਨ ਆਪਸੀ ਸਬੰਧਾਂ ਅਤੇ ਆਪਸੀ ਜੁੜਾਅ ’ਤੇ ਜ਼ੋਰ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਦੇਸ਼ਾਂ ਨੂੰ ਮਿਲ ਕੇ ਚੁਣੌਤੀ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਲੋੜ ਹੈ।

**ਭਵਿੱਖ ਦੀ ਰਾਹ**

ਪ੍ਰਧਾਨ ਮੰਤਰੀ ਮੋਦੀ ਨੇ ਸਹਿਯੋਗ ਦੀ ਭਾਵਨਾ ਵਿਚ ਸਾਰੇ ਦੇਸ਼ਾਂ ਵੱਲੋਂ ਸਵੈ-ਇੱਛੁਕ ਯੋਗਦਾਨਾਂ ਦੇ ਅਧਾਰ 'ਤੇ ਕੋਵਿਡ -19 ਐਮਰਜੈਂਸੀ ਫੰਡ ਬਣਾਉਣ ਦੀ ਤਜਵੀਜ਼ ਰੱਖੀ, ਜਿਸ ਵਿਚ ਭਾਰਤ ਨੇ ਸ਼ੁਰੂਆਤੀ ਤੌਰ 'ਤੇ 1 ਕਰੋੜ ਅਮਰੀਕੀ ਡਾਲਰ ਦੇਣ ਦੀ ਪੇਸ਼ਕਸ਼ ਕੀਤੀ। ਇਸ ਫੰਡ ਦੀ ਵਰਤੋਂ ਕੋਈ ਵੀ ਭਾਗੀਦਾਰ ਦੇਸ਼ਾਂ ਤੁਰੰਤ ਕਦਮ ਚੁੱਕਣ 'ਤੇ ਆਉਣ ਵਾਲੇ ਖਰਚੇ ਪੂਰੇ ਕਰਨ ਲਈ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਟੈਸਟਿੰਗ ਕਿੱਟਾਂ ਅਤੇ ਹੋਰ ਸਾਜ਼ੋ-ਸਮਾਨ ਨਾਲ ਲੈਸ ਡਾਕਟਰਾਂ ਅਤੇ ਮਾਹਰਾਂ ਦੀ ਰੈਪਿਡ ਰਿਸਪਾਂਸ ਟੀਮ ਬਣਾ ਰਿਹਾ ਹੈ, ਜੋ ਲੋੜ ਪੈਣ 'ਤੇ ਹਰ ਸਮੇਂ ਇਨਾਂ ਦੇਸ਼ਾਂ ਦੀ ਮਦਦ ਲਈ ਤਿਆਰ ਰਹੇਗੀ।

ਪ੍ਰਧਾਨ ਮੰਤਰੀ ਨੇ ਗੁਆਂਢੀ ਮੁਲਕਾਂ ਦੀਆਂ ਐਮਰਜੈਂਸੀ ਰਿਸਪੌਂਸ ਟੀਮਾਂ ਲਈ ਔਨਲਾਈਨ ਸਿਖਲਾਈ ਕੈਪਸੂਲ ਦਾ ਪ੍ਰਬੰਧ ਕਰਨ ਅਤੇ ਭਾਰਤ ਦੇ ਏਕੀਕ੍ਰਿਤ ਰੋਗ ਨਿਗਰਾਨੀ ਪੋਰਟਲ ਦਾ ਸਾੱਫਟਵੇਅਰ ਸਾਂਝਾ ਕਰਨ ਦੀ ਪੇਸ਼ਕਸ਼ ਵੀ ਕੀਤੀ, ਤਾਂ ਜੋ ਸੰਭਾਵਤ ਵਾਇਰਸ ਕੈਰੀਅਰਾਂ ਅਤੇ ਉਨ੍ਹਾਂ ਲੋਕਾਂ ਨਾਲ ਸੰਪਰਕ ਕੀਤਾ ਜਾ ਸਕੇ, ਜੋ ਉਨ੍ਹਾਂ ਦੇ ਸੰਪਰਕ ਵਿਚ ਆਏ ਸੀ। ਉਨ੍ਹਾਂ ਨੇ ਸਰਬੋਤਮ ਪ੍ਰਥਾਵਾਂ ਸਾਂਝੀਆਂ ਕਰਨ ਲਈ ਸਾਰਕ ਆਪਦਾ ਪ੍ਰਬੰਧਨ ਕੇਂਦਰ ਜਿਹੇ ਮੌਜੂਦਾ ਤੰਤਰਾਂ ਦੀ ਵਰਤੋਂ ਕੀਤੇ ਜਾਣ ਦਾ ਸੁਝਾਅ ਦਿੱਤਾ।

ਉਨ੍ਹਾਂ ਨੇ ਦੱਖਣੀ ਏਸ਼ੀਆਈ ਖੇਤਰ ਅੰਦਰ ਮਹਾਂਮਾਰੀਆਂ ਨੂੰ ਕਾਬੂ ਕਰਨ ਲਈ ਸੋਧ ਦਾ ਤਾਲਮੇਲ ਕਰਨ ਵਾਸਤੇ ਸਾਂਝਾ ਰਿਸਰਚ ਪਲੇਟਫਾਰਮ ਬਣਾਉਣ ਦਾ ਸੁਝਾਅ ਵੀ ਦਿੱਤਾ। ਉਨ੍ਹਾਂ ਨੇ ਦੂਰ ਭਵਿੱਖ ਵਿਚ COVID-19 ਦੇ ਸਾਮ੍ਹਣੇ ਆਉਣ

ਵਾਲੇ ਆਰਥਿਕ ਨਤੀਜਿਆਂ ਅਤੇ ਅੰਦਰੂਨੀ ਵਪਾਰ ਅਤੇ ਸਥਾਨਕ ਮੁੱਲ ਚੇਨਾਂ ਨੂੰ ਇਸਦੇ ਪ੍ਰਭਾਵਾਂ ਤੋਂ ਬਚਾਉਣ ਬਾਰੇ ਮਾਹਰਾਂ ਵੱਲੋਂ ਵਿਚਾਲੇ ਵਿਚਾਰ ਵਟਾਂਦਰੇ ਕਰਨ ਦਾ ਸੁਝਾਅ ਦਿੱਤਾ।

ਨੇਤਾਵਾਂ ਨੇ ਤਜਵੀਜ਼ ਕੀਤੇ ਗਏ ਕਦਮਾਂ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਨੇ ਮਿਲਜੁਲ ਕੇ ਲੜਨ ਦੇ ਸੰਕਲਪ ਨੂੰ ਦੁਹਰਾਉਂਦਿਆਂ ਹੋਏ ਕਿਹਾ ਕਿ ਸਾਰਕ ਦੇਸ਼ਾਂ ਦਾ ਗੁਆਂਢੀ ਸਹਿਯੋਗ ਦੁਨੀਆਂ ਲਈ ਇੱਕ ਨਮੂਨੇ ਵਜੋਂ ਪੇਸ਼ ਹੋਣਾ ਚਾਹੀਦਾ ਹੈ।

**ਤਜ਼ਰਬਾ ਸਾਂਝਾ ਕਰਨਾ**

ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦਾ ਮਾਰਗਦਰਸ਼ਕ ਮੰਤਰ ਰਿਹਾ ਹੈ 'ਤਿਆਰ ਰਹੋ, ਪਰ ਘਬਰਾਓ ਨਹੀਂ'। ਉਨ੍ਹਾਂ ਨੇ ਹੁਣ ਤੱਕ ਚੁੱਕੇ ਗਏ ਕਿਰਿਆਸ਼ੀਲ ਕਦਮ ਗਿਣਾਏ, ਜਿਨ੍ਹਾਂ ਵਿਚ ਸ਼ਾਮਲ ਹਨ - ਚਰਨਬੱਧ ਪ੍ਰਤੀਕਿਰਿਆ ਤੰਤਰ, ਦੇਸ਼ ਅੰਦਰ ਆਉਣ ਵਾਲੇ ਯਾਤਰੀਆਂ ਦੀ ਸਕ੍ਰੀਨਿੰਗ, ਟੀਵੀ, ਪ੍ਰਿੰਟ ਅਤੇ ਸੋਸ਼ਲ ਮੀਡੀਆ 'ਤੇ ਜਨ ਜਾਗਰੂਕਤਾ ਮੁਹਿੰਮਾਂ, ਕਮਜ਼ੋਰ ਵਰਗਾਂ ਤੱਕ ਪਹੁੰਚਣ ਲਈ ਕੀਤੇ ਗਏ ਖਾਸ ਯਤਨ, ਡਾਇਗਨੋਸਟਿਕ ਸੁਵਿਧਾਵਾਂ ਨੂੰ ਵਧਾਉਣਾ ਅਤੇ ਮਹਾਂਮਾਰੀ ਪ੍ਰਬੰਧਨ ਦੇ ਹਰੇਕ ਪੜਾਅ ਲਈ ਪ੍ਰੋਟੋਕੋਲ ਵਿਕਸਿਤ ਕਰਨਾ।

ਉਨ੍ਹਾਂ ਕਿਹਾ ਕਿ ਭਾਰਤ ਨੇ ਨਾ ਸਿਰਫ ਤਕਰੀਬਨ 1400 ਭਾਰਤੀਆਂ ਨੂੰ ਵੱਖ-ਵੱਖ ਦੇਸ਼ਾਂ ਚੋਂ ਕਾਮਯਾਬੀ ਨਾਲ ਸੁਰੱਖਿਅਤ ਬਾਹਰ ਕੱਢ ਲਿਆਉਂਦਾ ਹੈ ਬਲਕਿ 'ਪਹਿਲਾਂ ਗੁਆਂਢੀ' ਵਾਲੀ ਨੀਤੀ ਦੇ ਤਹਿਤ ਗੁਆਂਢੀ ਮੁਲਕਾਂ ਦੇ ਕੁਝ ਨਾਗਰਿਕਾਂ ਨੂੰ ਵੀ ਸੁਰੱਖਿਅਤ ਬਾਹਰ ਕੱਢਿਆ ਹੈ।

ਰਾਸ਼ਟਰਪਤੀ ਅਸ਼ਰਫ ਗਨੀ ਨੇ ਕਿਹਾ ਕਿ ਅਫਗਾਨਿਸਤਾਨ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ - ਇਰਾਨ ਦੇ ਨਾਲ ਲਗਦੀ ਇਸਦੀ ਖੁੱਲੀ ਸਰਹੱਦ। ਉਨ੍ਹਾਂ ਨੇ ਡਿਫਯੂਜ਼ਨ ਪੈਟਰਨ ਦੀ ਮਾਡਲਿੰਗ, ਟੈਲੀਮੇਡੀਸਨ ਲਈ ਸਾਂਝੇ ਢਾਂਚੇ ਦੀ ਸਥਾਪਨਾ ਅਤੇ ਗੁਆਂਢੀ ਦੇਸ਼ਾਂ ਦਰਮਿਆਨ ਵਧੇਰੇ ਸਹਿਯੋਗ ਦਾ ਸੁਝਾਅ ਦਿੱਤਾ।

ਰਾਸ਼ਟਰਪਤੀ ਇਬਰਾਹਿਮ ਮੁਹੰਮਦ ਸੋਲੀਹ ਨੇ ਕੋਵਿਡ -19 ਕੇਸਾਂ ਨਾਲ ਨਜਿੱਠਣ ਲਈ ਭਾਰਤ ਵੱਲੋਂ ਦਿੱਤੀ ਗਈ ਡਾਕਟਰੀ ਸਹਾਇਤਾ ਅਤੇ ਵੁਹਾਨ ਤੋਂ ਨੌਂ ਮਾਲਦੀਵੀਆਂ ਨੂੰ ਸੁਰੱਖਿਅਤ ਕੱਢ ਲਿਆਉਣ ਲਈ ਭਾਰਤ ਸਰਕਾਰ ਦਾ ਸ਼ੁਕਰੀਆ ਕੀਤਾ। ਉਨ੍ਹਾਂ ਨੇ ਦੇਸ਼ ਵਿੱਚ ਸੈਰ-ਸਪਾਟੇ ਅਤੇ ਇਸਦੀ ਆਰਥਿਕਤਾ ਉੱਪਰ ਪਏ ਕੋਵਿਡ -19 ਦੇ ਮਾੜੇ ਪ੍ਰਭਾਵ ਉੱਤੇ ਚਾਨਣਾ ਪਾਇਆ। ਉਨ੍ਹਾਂ ਨੇ ਇਨ੍ਹਾਂ ਦੇਸ਼ਾਂ ਦੀਆਂ ਸਿਹਤ ਨਾਲ ਜੁੜੀਆਂ ਐਮਰਜੈਂਸੀ ਏਜੰਸੀਆਂ ਵਿਚਾਲੇ ਨੇੜਲੇ ਸਹਿਯੋਗ, ਆਰਥਿਕ ਰਾਹਤ ਪੈਕੇਜ ਅਤੇ ਇਸ ਖੇਤਰ ਲਈ ਲੰਬੀ ਮਿਆਦ ਵਾਲੀ ਰਿਕਵਰੀ ਯੋਜਨਾ ਬਣਾਉਣ ਦਾ ਸੁਝਾਅ ਦਿੱਤਾ।

ਰਾਸ਼ਟਰਪਤੀ ਗੋਤਾਬਾਇਆ ਰਾਜਪਕਸ਼ ਨੇ ਵਰਤਮਾਨ ਔਖੇ ਸਮੇਂ 'ਚ ਆਰਥਿਕਤਾ ਨੂੰ ਬੇਹਤਰ ਬਣਾਉਣ ਵੱਲ ਸਾਰਕ ਆਗੂਆਂ ਦੁਆਰਾ ਇੱਕਠੇ ਕੰਮ ਕਰਨ ਦੀ ਸਿਫਾਰਸ਼ ਕੀਤੀ। ਉਨ੍ਹਾਂ ਨੇ ਕੋਵਿਡ -19 ਦਾ ਮੁਕਾਬਲਾ ਕਰਨ ਲਈ ਖੇਤਰੀ ਮਾਮਲਿਆਂ ਦਾ ਤਾਲਮੇਲ ਕਰਨ ਅਤੇ ਸਰਬੋਤਮ ਪ੍ਰਥਾਵਾਂ ਸਾਂਝੀਆਂ ਕਰਨ ਲਈ ਸਾਰਕ ਮੰਤਰੀ ਪੱਧਰ ਸਮੂਹ ਦੀ ਸਥਾਪਨਾ ਦੀ ਵੀ ਸਿਫਾਰਸ਼ ਕੀਤੀ।

ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਕੁਵਾਰਨਟੀਨ ਦੌਰਾਨ ਵੁਹਾਨ ਤੋਂ ਭਾਰਤੀ ਵਿਦਿਆਰਥੀਆਂ ਤੋਂ ਛੁੱਟ 23 ਬੰਗਲਾਦੇਸ਼ੀ ਵਿਦਿਆਰਥੀਆਂ ਨੂੰ ਵਾਪਸ ਲਿਆਉਣ ਲਈ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਇਸ ਖੇਤਰ ਦੇ ਸਿਹਤ ਮੰਤਰੀਆਂ ਅਤੇ ਸਕੱਤਰਾਂ ਵਿਚਾਲੇ ਵੀਡੀਓ ਕਾਨਫਰੰਸ ਰਾਹੀਂ ਤਕਨੀਕੀ ਪੱਧਰ 'ਤੇ ਗੱਲਬਾਤ ਜਾਰੀ ਰੱਖਣ ਦਾ ਸੁਝਾਅ ਦਿੱਤਾ।

ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਨੇ ਸਾਰਕ ਨੇਤਾਵਾਂ ਨੂੰ ਕੋਵਿਡ -19 ਦਾ ਮੁਕਾਬਲਾ ਕਰਨ ਲਈ ਨੇਪਾਲ ਵੱਲੋਂ ਚੁੱਕੇ ਗਏ ਕਦਮਾਂ ਤੋਂ ਜਾਣੂ ਕਰਾਇਆ। ਉਨ੍ਹਾਂ ਕਿਹਾ ਕਿ ਸਾਰਕ ਦੇਸ਼ਾਂ ਦੀ ਸਮੂਹਕ ਸਮਝਦਾਰੀ ਅਤੇ ਯਤਨਾਂ ਸਦਕਾ ਇਸ ਮਹਾਂਮਾਰੀ ਨਾਲ ਨਜਿੱਠਣ ਲਈ ਮਜ਼ਬੂਤ ਅਤੇ ਕਾਰਗਰ ਰਣਨੀਤੀ ਬਣਾਉਣ ਵਿਚ ਮਦਦ ਮਿਲ ਸਕਦੀ ਹੈ।
ਪ੍ਰਧਾਨ ਮੰਤਰੀ ਡਾਕਟਰ ਲੋਟੇ ਸ਼ੇਰਿੰਗ ਨੇ ਕਿਹਾ ਕਿ ਇਹ ਮਹਾਂਮਾਰੀ ਭੂਗੋਲਿਕ ਸੀਮਾਵਾਂ ਦੀ ਕੋਈ ਪਰਵਾਹ ਨਹੀਂ ਕਰਦੀ, ਇਸ ਲਈ ਸਾਰੇ ਦੇਸ਼ਾਂ ਲਈ ਮਿਲ ਕੇ ਕੰਮ ਕਰਨਾ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ। ਕੋਵਿਡ -19 ਦੇ ਆਰਥਿਕ ਅਸਰਾਂ ਬਾਰੇ ਬੋਲਦੇ ਹੋਏ ਉਨ੍ਹਾਂ ਨੇ ਆਖਿਆ ਕਿ ਇਹ ਮਹਾਂਮਾਰੀ ਛੋਟੀਆਂ ਅਤੇ ਕਮਜ਼ੋਰ ਆਰਥਿਕਤਾਵਾਂ 'ਤੇ ਜ਼ਿਆਦਾ ਅਸਰ ਪਾਵੇਗੀ।

ਡਾਕਟਰ ਜ਼ਫਰ ਮਿਰਜ਼ਾ ਨੇ ਸਾਰਕ ਸਕੱਤਰੇਤ ਨੂੰ ਸਿਹਤ ਸੰਬੰਧੀ ਜਾਣਕਾਰੀ, ਅੰਕੜਿਆਂ ਦੇ ਵਟਾਂਦਰੇ ਅਤੇ ਅਸਲ ਸਮੇਂ ਵਿੱਚ ਤਾਲਮੇਲ ਕਰਨ ਲਈ ਰਾਸ਼ਟਰੀ ਅਥਾਰਟੀਆਂ ਦਾ ਇੱਕ ਕਾਰਜਕਾਰੀ ਸਮੂਹ ਸਥਾਪਤ ਕਰਨ ਬਾਰੇ ਹੁਕਮ ਦਿੱਤੇ ਜਾਣ ਦੀ ਤਜਵੀਜ਼ ਦਿੱਤੀ। ਉਨ੍ਹਾਂ ਨੇ ਸਾਰਕ ਸਿਹਤ ਮੰਤਰੀਆਂ ਦੀ ਕਾਨਫਰੰਸ ਦੀ ਮੇਜ਼ਬਾਨੀ ਕਰਨ ਅਤੇ ਬਿਮਾਰੀ ਦੀ ਨਿਗਰਾਨੀ ਸੰਬੰਧੀ ਅੰਕੜੇ ਅਸਲ ਸਮੇਂ ਵਿੱਚ ਸਾਂਝਾ ਕਰਨ ਲਈ ਖੇਤਰੀ ਤੰਤਰ ਬਣਾਉਣ ਦੀ ਤਜਵੀਜ਼ ਰੱਖੀ।

**DISCLAIMER : This is an approximate translation. The original is available in English on MEA's website and may be referred to as the official press release.**